# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, 3ਬੀ1 , ਐਸ.ਏ.ਐਸ.ਨਗਰ

Website: educationrecruitmentboard.com

---

## ਜਨਤਕ ਨਿਯੁਕਤੀਆਂ

ਪੰਜਾਬ ਅਧੀਨ **ਨੇਤਰਹੀਣ** ਜੇ.ਬੀ.ਟੀ/ਈ.ਟੀ.ਟੀ ਕਾਡਰ ਦੀਆਂ ਬੈਕਲਾਗ 162 ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵਲੋਂ ਵਿਭਾਗ ਦੀ ਵੈਬ-ਸਾਈਟ **www.educationrecruitmentboard.com** ਤੇ ਆਨ-ਲਾਈਨ ਜਾਂ "ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ) ਫੇਜ਼-3-ਬੀ-1, ਐਸ.ਏ.ਐਸ ਨਗਰ, ਪੰਜਾਬ" ਪਤੇ ਤੇ ਦਸਤੀ (ਕੰਮ ਵਾਲੇ ਦਿਨ) / ਰਜਿਸਟਰਡ ਡਾਕ ਰਾਹੀਂ ਵਿਭਾਗ ਵਲੋਂ ਨਿਰਧਾਰਿਤ ਕੀਤੇ ਗਏ ਪ੍ਰੋਫਾਰਮੇ ਤੇ ਦਰਖਾਸਤਾਂ ਦੀ ਮੰਗ **ਮਿਤੀ 20-09-2016 (ਸ਼ਾਮ 5 ਵੱਜੇ ਤੱਕ)** ਕੀਤੀ ਜਾਂਦੀ ਹੈ।

**1. ਅਸਾਮੀ: ਨੇਤਰਹੀਣ** ਜੇ.ਬੀ.ਟੀ/ਈ.ਟੀ.ਟੀ ਕਾਡਰ ਦੀਆਂ 162 ਬੈਕਲਾਗ ਅਸਾਮੀਆਂ

| ਲੜੀ ਨੰ | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਅੰਗਹੀਣ **(ਕੇਵਲ ਨੇਤਰਹੀਣ)** | 162 |

**2. ਵਿਦਿਅਕ ਯੋਗਤਾ :-**

1. ਉਮੀਦਵਾਰ ਨੇ 10+2 ਦੀ ਪ੍ਰੀਖਿਆ ਮਾਨਤਾ ਪ੍ਰਾਪਤ ਬੋਰਡ /ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ।
2. ਉਮੀਦਵਾਰ ਨੇ ਦਸਵੀਂ ਪੱਧਰ ਤੱਕ ਪੰਜਾਬੀ ਵਿਸ਼ਾ ਪਾਸ ਕੀਤਾ ਹੋਵੇ ਜਾਂ ਮੈਟ੍ਰਿਕ ਤੋਂ ਕਿਸੇ ਉਚੇਰੀ ਜਮਾਤ ਵਿਚ ਪੰਜਾਬੀ ਪਾਸ ਕੀਤੀ ਹੋਵੇ।
3. ਉਮੀਦਵਾਰ ਨੇ ਸੰਗੀਤ ਵਿੱਚ ਡਿਪਲੋਮਾ (ਵੋਕਲ ਜਾਂ ਇੰਨਸਟਰੂਮੈਂਟਲ ਜਾਂ ਤਬਲਾ) ਜਾਂ ਬਰਾਬਰ ਦੀ ਯੋਗਤਾ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਪਾਸ ਕੀਤੀ ਹੋਵੇ।
4. ਹਾਇਰ ਯੋਗਤਾ ਰੱਖਦੇ ਉਮੀਦਵਾਰ ਨੂੰ ਵਿਚਾਰਿਆ ਜਾ ਸਕਦਾ ਹੈ, ਪ੍ਰੰਤੂ ਉਹਨਾ ਦੀ ਪਹਿਲੀ ਹਾਇਰ ਯੋਗਤਾ ਨੂੰ ਬੇਸਿਕ ਯੋਗਤਾ ਦੇ ਬਰਾਬਰ ਮੰਨਿਆਂ ਜਾਵੇਗਾ।

**3. ਚੋਣ ਦਾ ਢੰਗ :-**

ਇਹਨਾਂ ਅਸਾਮੀਆਂ ਦੀ ਭਰਤੀ ਕਰਨ ਸਬੰਧੀ ਸਟੇਟ ਪੱਧਰ ਤੇ ਇਕ ਲਿਖਤੀ ਟੈਸਟ (ਓਬਜੈਕਟਿਵ ਟਾਈਪ) ਲਿਆ ਜਾਵੇਗਾਂ ਜੋ ਕਿ 150 ਅੰਕਾ ਦਾ ਹੋਵੇਗਾ, ਇਸ ਵਿਚ 67 ਅੰਕ ਲੈਣ ਵਾਲੇ ਉਮੀਦਵਾਰ ਨੂੰ ਪਾਸ ਮੰਨਿਆ ਜਾਵੇਗਾ ਅਤੇ ਇਸ ਦੇ ਇਲਾਵਾ ਉਮੀਦਵਾਰਾਂ ਤੋਂ ਇਕ ਸੰਗੀਤ ਦਾ ਪ੍ਰੈਕਟੀਕਲ ਟੈਸਟ ਕੁੱਲ 50 ਅੰਕਾ ਦਾ ਵੀ ਲਿਆ ਜਾਵੇਗਾ।ਇਹਨਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿਦਿਅਕ/ਪ੍ਰੋਫੇਸ਼ਨਲ ਯੋਗਤਾਵਾਂ ਅਤੇ ਅਸਾਮੀ ਲਈ ਨਿਰਧਾਰਿਤ ਹੋਰ ਸ਼ਰਤਾਂ ਪੂਰੀਆ ਕਰਦੇ ਲਿਖਤੀ ਟੈਸਟ ਵਿਚ ਪਾਸ ਉਮੀਦਵਾਰਾਂ ਦੀ ਫਾਈਨਲ ਮੈਰਿਟ ਨਿਰੋਲ ਲਿਖਤੀ ਟੈਸਟ ਅਤੇ ਸੰਗੀਤ ਦਾ ਪ੍ਰੈਕਟੀਕਲ ਟੈਸਟ ਵਿਚੋਂ ਪ੍ਰਾਪਤ ਅੰਕਾ ਨੂੰ ਜੋੜ ਕੇ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀਂ।

(ਜੇਕਰ ਇਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਅਤੇ ਪ੍ਰੈਕਟੀਕਲ ਟੈਸਟ ਦੇ ਅੰਕ ਜੋੜ ਕੇ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿਚ ਪਹਿਲਾ ਰਖਿਆ ਜਾਵੇਗਾਂ ਅਤੇ ਜੇਕਰ ਇਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋ ਇਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਸੰਗੀਤ ਵਿਚ

ਡਿਪਲੋਮਾ (ਵੋਕਲ ਜਾਂ ਇੰਨਸਟਰੁਮੈਂਟਲ ਜਾਂ ਤਬਲਾ) ਜਾਂ ਬਰਾਬਰ ਦੀ ਯੋਗਤਾਂ ਵਿਚ ਵੱਧ ਪ੍ਰਤੀਸਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿਚ ਪਹਿਲਾ ਰਖਿਆ ਜਾਵੇਗਾਂ ।

**ਨੋਟ : ਲਿਖਤੀ ਟੈਸਟ ਓਬਜੈਕਟਿਵ ਟਾਈਪ ਦਾ ਹੋਵੇਗਾ, ਜਿਸ ਵਿਚ ਸੰਗੀਤ, ਆਮ-ਗਿਆਨ, ਐਪਟੀਟਿਊਟ ਅਤੇ ਹੋਰ ਵਿਸ਼ੇ ਦੇ ਸਵਾਲ ਹੋਣਗੇ । ਟੈਸਟ ਦਾ ਸਿਲੈਬਸ ਵੱਖਰੇ ਤੌਰ ਤੇ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰ ਦਿੱਤਾ ਜਾਵੇਗਾ।**

**4. ਉਮਰ ਸੀਮਾ**

1. ਮਿਤੀ 01.01.2016 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।
2. ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 10 ਸਾਲ ਤੱਕ ਦੀ ਛੋਟ ਹੋਵੇਗੀ।

**5. ਆਮ ਸ਼ਰਤਾਂ:-**

(i) ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀਆਂ ਪ੍ਰਚੱਲਤ ਹਦਾਇਤਾ ਅਨੁਸਾਰ ਹੋਵੇਗਾਂ। ਚਾਹਵਾਨ ਉਮੀਦਵਾਰ ਸਕਰੂਟਨੀ ਦੀ ਦਰਸਾਈ ਆਖਰੀ ਮਿਤੀ ਤੋ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜ਼ਾ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ, ਜਿਸ ਵਿਚ ਅੰਗਹੀਣਤਾ ਦੀ ਪ੍ਰਤੀਸ਼ਤ 40% ਜਾਂ ਇਸ ਤੋਂ ਵੱਧ ਦਰਜ਼ ਹੋਵੇ। ਇਸ ਸਰਟੀਫਿਕੇਟ ਵਿਚ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਜ਼ਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

(ii) ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ਜਾਂ ਮੈਟ੍ਰਿਕ ਤੋਂ ਕਿਸੇ ਉਚੇਰੀ ਜਮਾਤ ਵਿਚ ਪੰਜਾਬੀ ਪਾਸ ਕੀਤੀ ਹੋਵੇ।

(iii) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਲਾਗੂ ਹਵੇਗੀ।

(iv) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੋਵੇਗਾ।

(v) ਪੁਰਸ਼ ਅਤ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

(vi) ਵਿਗਿਆਪਨ ਵਿਚ ਦਰਜ ਅਸਾਮੀਆਂ ਵਧਾਈਆਂ-ਘਟਾਈਆਂ ਜਾ ਸਕਦੀਆਂ ਹਨ।

(vii) ਇਸ ਵਿਗਿਆਪਨ ਨੂੰ ਵਿਭਾਗ ਵੱਲੋਂ ਕਿਸੇ ਵੀ ਕਾਰਨ ਦੱਸੇ ਬਿਨਾਂ ਰੱਦ ਕੀਤਾ ਜਾ ਸਕਦਾ ਹੈ।

(viii) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਡਾਇਰੈਕਟੋਰੇਟ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(ix) ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ।ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

(x) ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨ ਜਾਂ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਉਸਦਾ ਨਿਯੁਕਤੀ ਸਬੰਧੀ ਅਧਿਕਾਰ ਨਹੀਂ ਹੋਵੇਗਾ।

(xi) ਕਿਸੇ ਵੀ ਐਜਡੇ ਤੇ ਸਿਖਿਆ ਭਰਤੀ ਡਾਇਰੈਕਟੋਰੇਟ ਵਲੋਂ ਲਿਆ ਫੈਸਲਾ ਅੰਤਮ ਅਤੇ ਸਭ ਤੇ ਲਾਗੂ ਹੋਵੇਗਾਂ।

(xii) ਇਸ ਤੋਂ ਇਲਾਵਾ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੀਆ ਹਦਾਇਤਾ ਵੀ ਲਾਗੂ ਹੋਣਗੀਆ।

(xiii) ਇਹਨਾਂ ਅਸਾਮੀਆਂ ਤੇ ਮਾਨਯੋਗ ਕੋਰਟ ਵਲੋਂ ਦਿੱਤੇ ਗਏ ਵੱਖ-ਵੱਖ ਫੈਸਲੇ ਵੀ ਲਾਗੂ ਹੋਣਗੇ।

(xiv) ਉਮੀਦਵਾਰਾਂ ਵੱਲੋਂ ਆਪਣਾ ਮੋਬਾਇਲ ਨੰਬਰ ਅਤੇ Email-ID ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

(xv) ਉਮੀਦਵਾਰਾਂ ਦੇ ਲਿਖਤੀ ਟੈਸਟ ਵਿਚੋਂ ਪ੍ਰਾਪਤ ਅੰਕਾਂ ਅਨੁਸਾਰ ਪ੍ਰੋਵੀਜ਼ਨਲ ਮੈਰਿਟ ਬਣਾ ਕੇ ਅਸਾਮੀਆਂ ਦੇ ਦੋ (2) ਗੁਣਾ ਉਮੀਦਵਾਰਾਂ ਨੂੰ ਸਕਰੂਟਨੀ ਲਈ ਬੁਲਾਇਆ ਜਾਵੇਗਾਂ।

(xvi) ਉਮੀਦਵਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ / ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁਦ ਅਪਲਾਈ ਕਰਨ ਅਤੇ ਉਹਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Updates ਦੀ ਜਾਣਕਾਰੀ ਲਈ ਵਿਭਾਗ ਦੀ ਵੈਬ-ਸਾਈਟ www.educationrecruitmentboard.com ਸਮੇਂ-ਸਮੇਂ ਚੈੱਕ ਕਰਦੇ ਰਹਿਣ।

**ਜ਼ਰੂਰੀ ਨੋਟ** :-

ਉਮੀਦਵਾਰਾਂ ਦੇ ਵਿਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਅਪਲਾਈ ਕਰਨ ਦੀ ਆਖਰੀ ਮਿੱਤੀ 20/09/2016 ਦੇ ਜਾਂ ਪਹਿਲਾ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਅੰਗਹੀਣ ਕੈਟਾਗਿਰੀ ਦੇ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈਕ ਕਰਵਾਉਣ ਉਪਰੰਤ ਮੰਨਣਯੋਗ ਹੋਣਗੇ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀ ਕੀਤੀ ਜਾਵੇਗੀ।

**6(ੲ). ਆਨ-ਲਾਈਨ ਅਪਲਾਈ ਕਰਨ ਦੀ ਵਿਧੀ:-**

1. ਵੈਬਸਾਈਟ www.educationrecruitmentboard.com.
2. ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ ਸਾਈਟ ਉੱਤੇ ਦਿੱਤੇ ਲਿੰਕ New Registration ਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ।ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਂਣਕਾਰੀ ਦੁਬਾਰਾ ਅਪਡੇਟ/ ਐਡਿਟ ਨਹੀਂ ਕੀਤੀ ਜਾ ਸਕਦੀ।ਉਮੀਦਵਾਰ ਨੂੰ successful registration ਉਪਰੰਤ SMS ਰਾਹੀਂ ਸੂਚਿਤ ਕੀਤਾ ਜਾਵੇਗਾ ਜਿਸ ਵਿੱਚ ਉਮੀਦਵਾਰ ਦਾ ਪਾਸਵਰਡ ਅਤੇ ਰਜਿਸਟ੍ਰੇਸ਼ਨ ਨੰਬਰ ਹੋਵੇਗਾ।
3. ਇਸ ਉਪਰੰਤ ਹੀ ਉਮੀਦਵਾਰ ਆਪਣਾ Online Application Form ਭਰ ਸਕਦੇ ਹਨ।
4. Online Application ਭਰਨ ਉਪਰੰਤ ਇਸ ਨੂੰ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ **Approve ਕੀਤਾ ਜਾਵੇ। Approve ਕਰਨ ਤੋਂ ਬਾਅਦ Application Form ਵਿਚ ਕਿਸੇ ਵੀ ਕਿਸਮ ਦੀ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕਦੀ। Approve ਕਰਨ ਉਪਰੰਤ Application Form** ਦਾ printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ।
5. ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ (ਫੋਟੋ 40 KB ਅਤੇ ਦਸਤਖਤ 25 KB ਤੋਂ ਜਿਆਦਾ ਨਾ ਹੋਵੇ ਅਤੇ jpg ਫਾਰਮੈਟ ਵਿਚ ਹੀ ਹੋਵੇ।)

6. ਆਨ ਲਾਈਨ ਐਪਲੀਕੇਸ਼ਨ ਫਾਰਮ ਭਰਨ ਦੀ ਆਖਰੀ ਮਿਤੀ 20/09/2016 ਸ਼ਾਮ 5.00 ਵਜੇ ਤੱਕ ਹੈ।

**6(ਅ). ਦਰਖਾਸਤਾਂ ਭੇਜਣ ਸਬੰਧੀ–**

ਉਮੀਦਵਾਰ ਅਪਣੀ ਲਿਖਤੀ ਦਰਖਾਸਤ ਵਿਭਾਗ ਦੀ ਵੈਬ-ਸਾਈਟ ਤੋਂ ਡਾਊਨਲੋਡ ਕੀਤੇ ਪ੍ਰੋਫਾਰਮੇ ਵਿਚ ਭਰ ਕੇ **"ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ) ਫੇਜ਼–3–ਬੀ–1, ਐਸ.ਏ.ਐਸ ਨਗਰ, ਪੰਜਾਬ"** ਪਤੇ ਤੇ **ਦਸਤੀ (ਕੰਮ ਵਾਲੇ ਦਿਨ) / ਰਜਿਸਟਰਡ ਡਾਕ ਰਾਹੀਂ** ਅਪਣੀ ਦਰਖਾਸਤ ਇਸ ਦਫਤਰ ਨੂੰ **ਮਿਤੀ 20/09/2016 (ਸ਼ਾਮ 5 ਵੱਜੇ ਤੱਕ)** ਭੇਜ ਸਕਦੇ ਹਨ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਈ ਦਰਖਾਸਤ ਮੰਨਣਯੋਗ ਨਹੀ ਹੋਵੇਗੀ।

**7. ਜਰੂਰੀ ਟੈਲੀਫੋਨ ਨੰਬਰ**

0172–5212318
(ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ)
**email ID : helpline.rdp@gmail.com**

**–ਸਹੀ–**
**ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।**